# ਤੁਹਾਡੇ ਬੱਚੇ ਦਾ ਟਰੱਸਟ ਫੰਡ

## ਗੰਭੀਰ ਰੂਪ ਵਿਚ ਜ਼ਖਮੀ ਹੋਏ ਬੱਚਿਆਂ ਲਈ ਫੰਡ

PUBLIC GUARDIAN
AND TRUSTEE OF
BRITISH COLUMBIA

# ਤੁਹਾਡੇ ਬੱਚੇ ਦਾ ਟਰੱਸਟ ਫੰਡ
## ਗੰਭੀਰ ਰੂਪ ਵਿਚ ਜ਼ਖਮੀ ਹੋਏ ਬੱਚਿਆਂ ਲਈ ਫੰਡ

ਵਿਸ਼ਾ–ਵਸਤੂ


| | |
|---|---|
| ਆਪਣੇ ਪੀ ਜੀ ਟੀ ਗਾਰਡੀਅਨਸ਼ਿਪ ਐਂਡ ਟਰੱਸਟ ਔਫੀਸਰ ਨਾਲ ਸੰਬੰਧ ਵਿਕਸਤ ਕਰਨਾ | 3 |
| ਬੱਜਟ ਤਿਆਰ ਕਰਨਾ | 3 |
| ਖਾਸ ਬੇਨਤੀਆਂ | 4 |
| ਕੇਸ ਮੈਨੇਜਮੈਂਟ | 4 |
| ਮਾਪਿਆਂ ਨੂੰ ਦਿੱਤੇ ਜਾਣ ਵਾਲੇ ਫੰਡ | 5 |
| ਤੁਹਾਡੇ ਬੱਚੇ ਦੇ ਫੰਡਾਂ ਨੂੰ ਇਨਵੈਸਟ ਕਰਨਾ | 5 |
| ਪਰਿਵਾਰ ਦੀ ਸ਼ਮੂਲੀਅਤ | 5 |
| ਇਨਵੈਸਟਮੈਂਟ ਦੀ ਰਿਪੋਰਟ ਅਤੇ ਕਾਰਗੁਜ਼ਾਰੀ | 6 |
| ਵੱਡੀਆਂ ਖਰੀਦਾਂ – ਘਰ | 6 |
| ਵੱਡੀਆਂ ਖਰੀਦਾਂ – ਗੱਡੀਆਂ | 6 |
| ਫੈਸਲਿਆਂ ਦੀ ਪੜਚੋਲ ਅਤੇ ਸ਼ਿਕਾਇਤਾਂ | 7 |
| ਸਾਡੇ ਨਾਲ ਸੰਪਰਕ ਕਰੋ | ਪਿਛਲਾ ਕਵਰ |

# ਆਪਣੇ ਪੀ ਜੀ ਟੀ ਗਾਰਡੀਅਨਸ਼ਿਪ ਐਂਡ ਟਰੱਸਟ ਔਫੀਸਰ ਨਾਲ ਸੰਬੰਧ ਵਿਕਸਤ ਕਰਨਾ

ਬਹੁਤ ਗੰਭੀਰ ਸੱਟਾਂ ਵਾਲੇ ਬੱਚਿਆਂ ਅਤੇ ਜਵਾਨਾਂ (ਯੂਥ) ਲਈ ਟਰੱਸਟ ਫੰਡਾਂ ਨੂੰ ਵੀ ਉਹੀ ਸਿਧਾਂਤ ਸੇਧ ਦਿੰਦੇ ਹਨ ਜਿਹੜੇ ਦੂਜਿਆਂ ਟਰੱਸਟਾਂ ਨੂੰ ਦਿੰਦੇ ਹਨ। ਪਰ, ਟਰੱਸਟ ਦੇ ਮੰਤਵ ਅਤੇ ਰਕਮ ਕਰਕੇ, ਇਨ੍ਹਾਂ ਟਰੱਸਟਾਂ ਨੂੰ ਚਲਾਉਣਾ ਕਾਫੀ ਜ਼ਿਆਦਾ ਗੁੰਝਲਦਾਰ ਹੁੰਦਾ ਹੈ।

ਤੁਹਾਡੇ ਬੱਚੇ ਦੀ ਤਰਫੋਂ ਪਬਲਿਕ ਗਾਰਡੀਅਨ ਐਂਡ ਟਰੱਸਟੀ (ਪੀ ਜੀ ਟੀ) ਨੂੰ ਸੈਟਲਮੈਂਟ ਦੇ ਪੈਸੇ ਮਿਲ ਜਾਣ ਤੋਂ ਬਾਅਦ ਕੋਈ ਗਾਰਡੀਅਨਸ਼ਿਪ ਐਂਡ ਟਰੱਸਟ ਔਫੀਸਰ (ਜੀ ਟੀ ਓ) ਤੁਹਾਡੇ ਨਾਲ ਅਪੌਂਇੰਟਮੈਂਟ ਬਣਾਏਗਾ।

ਤੁਹਾਨੂੰ ਮਿਲਣ ਤੋਂ ਪਹਿਲਾਂ ਤੁਹਾਡਾ ਜੀ ਟੀ ਓ ਉਸ ਰਿਪੋਰਟ ਨੂੰ ਪੜ੍ਹੇਗਾ ਜਿਹੜੀ ਪੀ ਜੀ ਟੀ ਨੇ ਤੁਹਾਡੇ ਬੱਚੇ ਜਾਂ ਜਵਾਨ ਦੇ ਮੁਕੱਦਮੇ ਦੇ ਸੰਬੰਧ ਵਿਚ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਨੂੰ ਦਿੱਤੀ ਸੀ। ਇਹ ਰਿਪੋਰਟ ਮੁਕੱਦਮੇ ਦੇ ਤੱਥਾਂ ਦਾ ਸੰਖੇਪ ਦੱਸਦੀ ਹੈ, ਤੁਹਾਡੇ ਬੱਚੇ ਜਾਂ ਜਵਾਨ ਨੂੰ ਲੱਗੀਆਂ ਸੱਟਾਂ ਬਾਰੇ ਦੱਸਦੀ ਹੈ ਅਤੇ ਉਸ ਰਕਮ ਬਾਰੇ ਦੱਸਦੀ ਹੈ ਜਿਹੜੀ ਦਰਦ ਅਤੇ ਦੁੱਖ, ਸੰਭਾਲ ਦੇ ਖਰਚੇ, ਆਮਦਨੀ ਕਮਾਉਣ ਦੇ ਮੌਕਿਆਂ ਦੇ ਨੁਕਸਾਨ ਕਰਕੇ ਦਿੱਤੀ ਗਈ ਹੈ ਅਤੇ ਹੋਰ ਮਾਮਲਿਆਂ ਬਾਰੇ ਦੱਸਦੀ ਹੈ। ਇਹ ਰਿਪੋਰਟ ਮਾਹਰਾਂ ਦੀਆਂ ਮਦਦ ਕਰਨ ਵਾਲੀਆਂ ਰਿਪੋਰਟਾਂ ਦਾ ਹਵਾਲਾ ਵੀ ਦੇ ਸਕਦੀ ਹੈ ਜਿਵੇਂ ਕਿ ਸੰਭਾਲ ਦੇ ਖਰਚੇ ਦੀਆਂ ਰਿਪੋਰਟਾਂ।

ਤੁਹਾਡੀ ਪਹਿਲੀ ਅਪੌਂਇੰਟਮੈਂਟ ਦੌਰਾਨ, ਤੁਹਾਨੂੰ ਆਪਣੇ ਜੀ ਟੀ ਓ ਨਾਲ ਕੰਮਕਾਰੀ ਸੰਬੰਧ ਬਣਾਉਣ ਦਾ ਮੌਕਾ ਮਿਲੇਗਾ। ਇਸ ਪੋਆਇੰਟ ’ਤੇ ਤੁਸੀਂ ਇਸ ਚੀਜ਼ ਬਾਰੇ ਸ਼ਾਇਦ ਪਹਿਲਾਂ ਹੀ ਫੈਸਲੇ ਕਰ ਰਹੇ ਹੋਵੋਗੇ ਕਿ ਕਿਹੜੀ ਮਦਦ ਅਤੇ ਸੇਵਾਵਾਂ ਤੁਸੀਂ ਅਤੇ ਤੁਹਾਡਾ ਪਰਿਵਾਰ ਦੇਣ ਲਈ ਤਿਆਰ ਹੋ ਅਤੇ ਕਿਹੜੀਆਂ ਪੇਸ਼ਾਵਰ ਲੋਕਾਂ ਵਲੋਂ ਦਿੱਤੀਆਂ ਜਾਣੀਆਂ ਹਨ। ਇਨ੍ਹਾਂ ਫੈਸਲਿਆਂ ਬਾਰੇ ਤੁਹਾਨੂੰ ਆਪਣੇ ਜੀ ਟੀ ਓ ਨਾਲ ਗੱਲ ਕਰਨੀ ਚਾਹੀਦੀ ਹੈ ਅਤੇ ਉਹ ਟੀਚੇ ਦੱਸਣੇ ਚਾਹੀਦੇ ਹਨ ਜਿਹੜੇ ਤੁਸੀਂ ਆਪਣੇ ਬੱਚੇ ਜਾਂ ਜਵਾਨ ਲਈ ਤਹਿ ਕੀਤੇ ਹਨ।

ਤੁਹਾਡਾ ਜੀ ਟੀ ਓ ਉਦੋਂ ਤੱਕ ਤੁਹਾਡੇ ਬੱਚੇ ਜਾਂ ਜਵਾਨ ਦੇ ਟਰੱਸਟ ਅਕਾਊਂਟ ਦਾ ਸਹੀ ਤਰ੍ਹਾਂ ਪ੍ਰਬੰਧ ਚਲਾਉਣ ਲਈ ਜ਼ਿੰਮੇਵਾਰ ਹੈ ਜਦ ਤੱਕ ਤੁਹਾਡਾ ਬੱਚਾ ਜਾਂ ਜਵਾਨ 19 ਸਾਲ ਦੀ ਉਮਰ ਦਾ ਬਾਲਗ ਨਹੀਂ ਹੋ ਜਾਂਦਾ। ਇਸ ਲਈ ਸਲਾਨਾ ਬੱਜਟ ਤਿਆਰ ਕਰਨ ਅਤੇ ਲੰਮੇ ਸਮੇਂ ਲਈ ਮਾਇਕ ਯੋਜਨਾਵਾਂ ਬਣਾਉਣ ਦੀ ਲੋੜ ਹੈ। ਜੀ ਟੀ ਓ ਇਹ ਵਿਚਾਰ ਕਰਦਾ ਹੈ ਕਿ ਕਿਹੜੀਆਂ ਇਨਵੈਸਟਮੈਂਟਾਂ ਤੁਹਾਡੇ ਬੱਚੇ ਜਾਂ ਜਵਾਨ ਲਈ ਸਭ ਤੋਂ ਜ਼ਿਆਦਾ ਫਾਇਦੇਮੰਦ ਹੋਣਗੀਆਂ, ਅਤੇ ਉਹ ਇਨਵੈਸਟਮੈਂਟਾਂ ’ਤੇ ਵਿਆਜ ਕਮਾਉਣ ਦੀ ਲੋੜ ਨੂੰ ਤੁਹਾਡੇ ਬੱਚੇ ਜਾਂ ਜਵਾਨ ਦੇ ਮੁੜ ਵਸੇਬੇ ਅਤੇ ਫਾਇਦੇ ਲਈ ਪੈਸੇ ਖਰਚਣ ਦੀ ਲੋੜ ਵਿਚਕਾਰ ਸੰਤੁਲਨ ਕਾਇਮ ਰੱਖਣ ਲਈ ਕੰਮ ਕਰਦਾ ਹੈ।

ਤੁਸੀਂ ਅਤੇ ਤੁਹਾਡੇ ਬੱਚੇ ਜਾਂ ਜਵਾਨ ਦਾ ਜੀ ਟੀ ਓ ਇਹ ਬੱਜਟ ਤਿਆਰ ਕਰਨ ਵਿਚ ਰਲ ਕੇ ਕੰਮ ਕਰੋਗੇ। ਇਹ ਪੱਕਾ ਕਰਨ ਲਈ ਤੁਸੀਂ ਰਲ ਕੇ ਫੈਸਲੇ ਕਰੋਗੇ ਕਿ ਸੈਟਲਮੈਂਟ ਜਾਂ ਕੋਰਟ ਦੇ ਅਵਾਰਡ ਨਾਲ ਮਿਲੀ ਰਕਮ ਦੇ ਵਿਚ ਵਿਚ ਤਿਆਰ ਕੀਤਾ ਗਿਆ ਬੱਜਟ ਤੁਹਾਡੇ ਬੱਚੇ ਜਾਂ ਜਵਾਨ ਦੀਆਂ ਹੁਣ ਦੀਆਂ ਅਤੇ ਭਵਿੱਖ ਦੀਆਂ ਲੋੜਾਂ ਪੂਰੀਆਂ ਕਰਦਾ ਹੈ।

# ਬੱਜਟ ਤਿਆਰ ਕਰਨਾ

ਬੱਜਟ ਤਿਆਰ ਕਰਨ ਵੇਲੇ, ਇਹ ਵਿਚਾਰ ਕਰਨਾ ਜ਼ਰੂਰੀ ਹੈ ਕਿ ਕੋਰਟ ਨੇ ਮੁਕੱਦਮੇ ਨਾਲ ਮਿਲੇ ਪੈਸਿਆਂ ਨੂੰ ਕਿਵੇਂ ਖਰਚਣ ਦੀ ਉਮੀਦ ਰੱਖੀ ਹੈ। ਇਸ ਪੱਖ ਤੋਂ, ਜੀ ਟੀ ਓ ਅੱਗੇ ਲਿਖਿਆਂ ਨੂੰ ਧਿਆਨ ਵਿਚ ਰੱਖਦਾ ਹੈ:

- ਸੰਭਾਲ ਦੇ ਖਰਚੇ ਦੀਆਂ ਰਿਪੋਰਟਾਂ
- ਕੋਰਟ ਦੇ ਫੈਸਲੇ ਦੇ ਕਾਰਨ (ਜੇ ਕੋਈ ਹੋਣ)
- ਪੀ ਜੀ ਟੀ ਦੀਆਂ ਕੋਰਟ ਨੂੰ ਸਿਫਾਰਸ਼ਾਂ (ਜੇ ਕੋਈ ਹੋਣ)
- ਕਿਸੇ ਬਾਹਰੀ ਕੇਸ ਮੈਨੇਜਰ ਤੋਂ ਕੋਈ ਰਿਪੋਰਟਾਂ
- ਟਰੱਸਟ ਲਈ ਮਾਇਕ ਯੋਜਨਾਵਾਂ

ਤੁਹਾਡਾ ਜੀ ਟੀ ਓ ਦੂਜੇ ਪਰਿਵਾਰਾਂ ਨਾਲ ਆਪਣੇ ਤਜਰਬੇ ਤੋਂ ਇਹ ਜਾਣਦਾ ਹੈ ਕਿ ਗੰਭੀਰ ਜ਼ਖਮੀ ਹੋਏ ਕਿਸੇ ਬੱਚੇ ਜਾਂ ਜਵਾਨ ਵਿਚ ਆ ਰਹੀਆਂ ਸਾਰੀਆਂ ਤਬਦੀਲੀਆਂ ਨਾਲ ਨਜਿੱਠਣਾ ਬਹੁਤ ਚੁਣੌਤੀਆਂ ਵਾਲਾ ਹੁੰਦਾ ਹੈ। ਸਾਡਾ ਟੀਚਾ, ਉਹ ਮਦਦ ਲੈਣ ਵਿਚ ਤੁਹਾਡੀ ਮਦਦ ਕਰਨਾ ਹੈ ਜਿਸ ਦੀ ਤੁਹਾਨੂੰ ਆਪਣੇ ਬੱਚੇ ਜਾਂ ਜਵਾਨ ਦੀ ਜ਼ਿੰਦਗੀ ਨੂੰ ਵੱਧ ਤੋਂ ਵੱਧ ਆਨੰਦਮਈ ਬਣਾਉਣ ਅਤੇ ਪਰਿਵਾਰ ਅਤੇ ਦੋਸਤਾਂ ਨਾਲ ਉਸ ਦੇ ਸੰਬੰਧਾਂ ਨੂੰ ਕਾਇਮ ਰੱਖਣ ਲਈ ਲੋੜ ਹੈ।

ਜਿਹੜੇ ਵਿਸ਼ਿਆਂ ਬਾਰੇ ਤੁਸੀਂ ਆਪਣੇ ਬੱਚੇ ਜਾਂ ਜਵਾਨ ਦੇ ਜੀ ਟੀ ਓ ਨਾਲ ਵਿਚਾਰ ਕਰਨਾ ਚਾਹੁੰਦੇ ਹੋਵੋਗੇ ਉਨ੍ਹਾਂ ਵਿਚ ਇਹ ਸ਼ਾਮਲ ਹੋ ਸਕਦੇ ਹਨ:

- ਤੁਹਾਡੇ ਬੱਚੇ ਜਾਂ ਜਵਾਨ ਦੀ ਸੰਭਾਲ ਦੀਆਂ ਮੌਜੂਦਾ ਅਤੇ ਭਵਿੱਖ ਦੀਆਂ ਲੋੜਾਂ, ਜਿਸ ਵਿਚ ਸਾਜ਼-ਸਾਮਾਨ ਲਈ ਲੋੜਾਂ, ਇਲਾਜ ਅਤੇ ਹੋਰ ਮਦਦਾਂ ਸ਼ਾਮਲ ਹਨ
- ਤੁਹਾਡੇ ਬੱਚੇ ਜਾਂ ਜਵਾਨ ਦੀਆਂ ਖਾਸ ਰਿਹਾਇਸ਼ ਦੀਆਂ ਲੋੜਾਂ ਕਿਵੇਂ ਪੂਰੀਆਂ ਕਰਨੀਆਂ ਹਨ
- ਉਸ ਸੰਭਾਲ ਅਤੇ ਮਦਦ ਦਾ ਮੌਜੂਦਾ ਪੱਧਰ ਜਿਹੜਾ ਤੁਹਾਡਾ ਪਰਿਵਾਰ ਪ੍ਰਦਾਨ ਕਰ ਸਕਦਾ ਹੈ
- ਤੁਹਾਡੇ ਪਰਿਵਾਰ ਦੇ ਹਾਲਾਤ, ਲੋੜਾਂ ਅਤੇ ਉਮੀਦਾਂ
- ਸੰਭਾਲ ਕਰਨ ਦੀਆਂ ਰਿਪੋਰਟਾਂ ਵਿਚ ਸ਼ਾਮਲ ਜਾਣਕਾਰੀ
- ਕੀ ਕਿਸੇ ਪ੍ਰੋਫੈਸ਼ਨਲ ਕੇਸ ਮੈਨੇਜਰ ਦੀ ਲੋੜ ਹੈ
- ਆਰਾਮ ਲਈ ਤੁਹਾਡੀ ਲੋੜ
- ਪੈਸਿਆਂ ਦਾ ਮੰਤਵ ਜਿਸ ਤਰ੍ਹਾਂ ਮੁਕੱਦਮੇ ਦੇ ਫੈਸਲੇ ਜਾਂ ਸੈਟਲਮੈਂਟ ਦੇ ਪੇਪਰਾਂ ਵਿਚ ਦੱਸਿਆ ਗਿਆ ਹੈ
- ਕਮਿਉਨਟੀ ਵਿਚ ਉਪਲਬਧ ਵਸੀਲੇ
- ਟਰੱਸਟ ਵਿਚ ਫੰਡਾਂ ਦੀ ਰਕਮ
- ਟਰੱਸਟ ਲਈ ਮਾਇਕ ਯੋਜਨਾਵਾਂ
- ਇਨਵੈਸਟਮੈਂਟ ਦੀਆਂ ਚੋਣਾਂ
- ਟੈਕਸਾਂ ਲਈ ਰਿਪੋਰਟ ਕਰਨ ਦੀਆਂ ਸ਼ਰਤਾਂ

ਤੁਹਾਡੇ ਨਾਲ ਮਿਲਣ ਤੋਂ ਬਾਅਦ, ਤੁਹਾਡਾ ਜੀ ਟੀ ਓ ਤੁਹਾਡੇ ਵਿਚਾਰਨ ਲਈ ਬੱਜਟ ਦਾ ਖਰੜਾ ਤਿਆਰ ਕਰੇਗਾ। ਬੱਜਟ ਇਨ੍ਹਾਂ ਚੀਜ਼ਾਂ ਦੀ ਪਛਾਣ ਕਰੇਗਾ:

- ਤੁਹਾਡੇ ਬੱਚੇ ਜਾਂ ਜਵਾਨ ਦੇ ਟਰੱਸਟ ਵਲੋਂ ਕਿਹੜੇ ਖਰਚੇ ਕਵਰ ਕੀਤੇ ਜਾਣਗੇ
- ਅੰਦਾਜ਼ਨ ਉਹ ਤਾਰੀਕਾਂ ਜਦੋਂ ਪੈਸੇ ਟਰੱਸਟ ਵਿੱਚੋਂ ਦਿੱਤੇ ਜਾਣਗੇ
- ਪੈਸੇ ਕਿਸ ਨੂੰ ਮਿਲਣੇ ਹਨ
- ਪੇਮੈਂਟ ਤੋਂ ਕੀ ਕਵਰ ਕਰਨ ਦੀ ਉਮੀਦ ਕੀਤੀ ਜਾਂਦੀ ਹੈ
- ਤੁਹਾਡੇ ਬੱਚੇ ਜਾਂ ਜਵਾਨ ਦੀ ਮਦਦ ਲਈ ਪੈਸਿਆਂ ਦੇ ਹੋਰ ਵਸੀਲੇ, ਅਤੇ
- ਪੀ ਜੀ ਟੀ ਦੀਆਂ ਫੀਸਾਂ ਅਤੇ ਕਮਿਸ਼ਨ

ਤੁਹਾਡੇ ਅਤੇ ਜੀ ਟੀ ਓ ਵਲੋਂ ਪ੍ਰਵਾਨ ਕਰ ਲਿਆ ਗਿਆ ਬੱਜਟ, ਤੁਹਾਡੇ ਬੱਚੇ ਜਾਂ ਜਵਾਨ ਦੇ ਟਰੱਸਟ ਫੰਡ ਦਾ ਪ੍ਰਬੰਧ ਚਲਾਉਣ ਲਈ ਇਕ ਗਾਈਡ ਹੈ। ਇਸ 'ਤੇ ਹਰ ਸਾਲ ਵਿਚਾਰ ਕੀਤੀ ਜਾਂਦੀ ਹੈ ਅਤੇ ਇਸ ਵਿਚ ਸੋਧ ਕੀਤੀ ਜਾ ਸਕਦੀ ਹੈ। ਜੇ ਕਿਸੇ ਵੀ ਸਮੇਂ ਤੁਸੀਂ ਇਹ ਮਹਿਸੂਸ ਕਰੋ ਕਿ ਇਹ ਤੁਹਾਡੇ ਬੱਚੇ ਜਾਂ ਜਵਾਨ ਦੀਆਂ ਲੋੜਾਂ ਸਹੀ ਤਰੀਕੇ ਨਾਲ ਪੂਰੀਆਂ ਨਹੀਂ ਕਰ ਰਿਹਾ ਤਾਂ ਤੁਹਾਨੂੰ ਆਪਣੇ ਜੀ ਟੀ ਓ ਨੂੰ ਇਸ ਬਾਰੇ ਵਿਚਾਰ ਕਰਨ ਲਈ ਕਹਿਣਾ ਚਾਹੀਦਾ ਹੈ।

# ਖਾਸ ਬੇਨਤੀਆਂ

ਕਦੇ ਕਦੇ ਪਰਿਵਾਰਾਂ ਕੋਲ ਟਰੱਸਟ ਤੋਂ ਉਹ ਪੈਸੇ ਮੰਗਣ ਦਾ ਕਾਰਨ ਹੁੰਦਾ ਹੈ ਜਿਹੜੇ ਬੱਜਟ ਵਿਚ ਨਹੀਂ ਰੱਖੇ ਗਏ। ਇਨ੍ਹਾਂ ਮੰਗਾਂ ਬਾਰੇ ਆਪਣੇ ਜੀ ਟੀ ਓ ਨਾਲ ਵਿਚਾਰ ਕਰੋ। ਤੁਹਾਡਾ ਜੀ ਟੀ ਓ ਇਹ ਵਿਚਾਰ ਕਰਦਾ ਹੈ ਕਿ ਕੀ ਤੁਹਾਡੇ ਬੱਚੇ ਜਾਂ ਜਵਾਨ ਦਾ ਟਰੱਸਟ ਇਹ ਖਰਚਾ ਝੱਲ ਸਕਦਾ ਹੈ, ਕੀ ਇਹ ਉਸ ਮੰਤਵ ਲਈ ਹੈ ਜਿਹੜਾ ਅਦਾਲਤ ਵਲੋਂ ਮੰਨਿਆ ਗਿਆ ਹੈ, ਅਤੇ ਤੁਹਾਡੇ ਬੱਚੇ ਜਾਂ ਜਵਾਨ ਦੇ ਫਾਇਦੇ ਲਈ ਹੈ। ਇਨ੍ਹਾਂ ਗੱਲਾਂ 'ਤੇ ਵਿਚਾਰ ਕਰਨ ਤੋਂ ਬਾਅਦ, ਫੈਸਲਾ ਕੀਤਾ ਜਾਵੇਗਾ।

# ਕੇਸ ਮੈਨੇਜਮੈਂਟ

ਤੁਹਾਡੇ ਬੱਚੇ ਜਾਂ ਜਵਾਨ ਦੀ ਸੰਭਾਲ ਦੀਆਂ ਬਹੁਤ ਸਾਰੀਆਂ ਮੰਗਾਂ ਹੋ ਸਕਦੀਆਂ ਹਨ। ਭਾਵੇਂ ਕਿ ਕੁਝ ਮਾਪੇ ਆਪਣੇ ਬੱਚੇ ਜਾਂ ਜਵਾਨ ਦੀ ਸੰਭਾਲ ਦਾ ਤਾਲਮੇਲ ਕਰਦੇ ਹਨ, ਪਰ ਅਜਿਹੀਆਂ ਹਾਲਤਾਂ ਹੋ ਸਕਦੀਆਂ ਹਨ ਜਿਨ੍ਹਾਂ ਵਿਚ ਕਿਸੇ ਪ੍ਰੋਫੈਸ਼ਨਲ ਕੇਸ ਮੈਨੇਜਰ ਦੀ ਲੋੜ ਹੋ ਸਕਦੀ ਹੈ।

ਕੇਸ ਮੈਨੇਜਰ ਲੋੜੀਂਦੀਆਂ ਸੇਵਾਵਾਂ ਦਾ ਪਤਾ ਲਾਉਂਦਾ ਹੈ, ਅਤੇ ਇਨ੍ਹਾਂ ਦਾ ਤਾਲਮੇਲ, ਪ੍ਰਬੰਧ ਕਰਦਾ ਹੈ ਅਤੇ ਕਦੇ ਕਦੇ ਤੁਹਾਡੇ ਬੱਚੇ ਜਾਂ ਜਵਾਨ ਲਈ ਲੋੜੀਂਦੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ ਜਿਵੇਂ ਕਿ ਬੱਚੇ ਦੀ ਪੜ੍ਹਾਈ, ਫਿਜ਼ੀਓਥੈਰੇਪੀ, ਜ਼ਿੰਦਗੀ ਦੇ ਹੁਨਰਾਂ ਦੀ ਟਰੇਨਿੰਗ ਆਦਿ। ਕੇਸ ਮੈਨੇਜਰ ਦੀ ਲੋੜ ਸਿਰਫ ਥੋੜ੍ਹੇ ਸਮੇਂ ਲਈ ਹੋ ਸਕਦੀ ਹੈ ਜਾਂ ਲਗਾਤਾਰ ਮਦਦ ਦੀ ਲੋੜ ਹੋ ਸਕਦੀ ਹੈ, ਜੋ ਕਿ ਤੁਹਾਡੇ ਬੱਚੇ ਜਾਂ ਜਵਾਨ ਦੀਆਂ ਲੋੜਾਂ ਅਤੇ ਮਾਪਿਆਂ ਦੀ ਸ਼ਕਤੀ, ਹੁਨਰਾਂ ਅਤੇ/ਜਾਂ ਮੁਹਾਰਤ 'ਤੇ ਨਿਰਭਰ ਕਰਦਾ ਹੈ।

ਪ੍ਰੋਫੈਸ਼ਨਲ ਕੇਸ ਮੈਨੇਜਰ ਦੀ ਲੋੜ ਦੇ ਮਾਮਲੇ ਬਾਰੇ ਤੁਸੀਂ ਆਪਣੇ ਜੀ ਟੀ ਓ ਨਾਲ ਵਿਚਾਰ ਕਰ ਸਕਦੇ ਹੋ।

ਜੇ ਤੁਹਾਡਾ ਹੁਣ ਤੱਕ ਪ੍ਰੋਫੈਸ਼ਨਲ ਕੇਸ ਮੈਨੇਜਰਾਂ ਨਾਲ ਵਾਹ ਨਹੀਂ ਪਿਆ ਤਾਂ ਤੁਹਾਡਾ ਜੀ ਟੀ ਓ ਇਹ ਜਾਣਕਾਰੀ ਦੇ ਸਕਦਾ ਹੈ ਕਿ ਇਹ ਸੇਵਾਵਾਂ ਕਿਵੇਂ ਲੈਣੀਆਂ ਹਨ। ਜੇ ਤੁਸੀਂ ਪਹਿਲਾਂ ਹੀ ਕਿਸੇ ਪ੍ਰੋਫੈਸ਼ਨਲ ਕੇਸ ਮੈਨੇਜਰ ਦੀਆਂ ਸੇਵਾਵਾਂ ਵਰਤ ਰਹੇ ਹੋਵੋ ਤਾਂ ਇਸ ਬਾਰੇ ਆਪਣੇ ਜੀ ਟੀ ਓ ਨੂੰ ਦੱਸੋ।

# ਮਾਪਿਆਂ ਨੂੰ ਦਿੱਤੇ ਜਾਣ ਵਾਲੇ ਫੰਡ

ਕੁਝ ਮਾਪੇ ਆਪਣੇ ਬੱਚੇ ਜਾਂ ਜਵਾਨ ਦੀ ਸੰਭਾਲ ਦੀ ਜ਼ਿੰਮੇਵਾਰੀ ਚੁੱਕਣ ਦੇ ਯੋਗ ਹੁੰਦੇ ਹਨ ਜਿਹੜੀ ਉਸ ਤਰ੍ਹਾਂ ਕਿਸੇ ਤੀਜੀ ਧਿਰ (ਜਿਵੇਂ ਕਿ ਫਿਜ਼ੀਓਥੈਰੇਪੀ) ਵਲੋਂ ਚੁੱਕੀ ਜਾਣੀ ਸੀ।

ਜੇ ਟਰੱਸਟ ਵਿਚ ਢੁਕਵੇਂ ਫੰਡ ਹੋਣ ਤਾਂ ਪੀ ਜੀ ਟੀ ਮਾਪਿਆਂ ਵਲੋਂ ਆਮ ਪਾਲਣ-ਪੋਸਣ ਦੇ ਫਰਜ਼ਾਂ ਤੋਂ ਵਾਧੂ ਕੀਤੀ ਜਾ ਰਹੀ ਸੰਭਾਲ ਲਈ ਮਾਪਿਆਂ ਨੂੰ ਪੇਮੈਂਟਾਂ ਕਰਨ ਬਾਰੇ ਵਿਚਾਰ ਕਰੇਗਾ।

ਇਹ ਪੇਮੈਂਟਾਂ ਇਸ ਚੀਜ਼ ’ਤੇ ਆਧਾਰਿਤ ਹੁੰਦੀਆਂ ਹਨ ਕਿ ਟਰੱਸਟ ਨੂੰ ਕੀ ਵਾਰਾ ਖਾਂਦਾ ਹੈ ਅਤੇ ਮਾਪਿਆਂ ਵਲੋਂ ਕਿਸੇ ਪੱਧਰ ਅਤੇ ਕਿਸਮ ਦੀ ਸੰਭਾਲ ਕੀਤੀ ਜਾ ਰਹੀ ਹੈ।

# ਤੁਹਾਡੇ ਬੱਚੇ ਦੇ ਫੰਡਾਂ ਨੂੰ ਇਨਵੈਸਟ ਕਰਨਾ

ਤੁਹਾਡੇ ਬੱਚੇ ਜਾਂ ਜਵਾਨ ਨੂੰ ਮਿਲੇ ਪੈਸਿਆਂ ਦੀ ਰਕਮ ਮੁਤਾਬਕ ਅਤੇ ਤੁਹਾਡੇ ਬੱਚੇ ਜਾਂ ਜਵਾਨ ਦੀਆਂ ਲੋੜਾਂ ਮੁਤਾਬਕ, ਤੁਹਾਡਾ ਜੀ ਟੀ ਓ ਇਹ ਪੱਕਾ ਕਰਨ ਲਈ ਤੁਹਾਡੇ ਨਾਲ ਕੰਮ ਕਰੇਗਾ ਕਿ ਤੁਹਾਡੇ ਬੱਚੇ ਜਾਂ ਜਵਾਨ ਦੇ ਫੰਡ ਸਭ ਤੋਂ ਵੱਧ ਢੁਕਵੇਂ ਤਰੀਕੇ ਨਾਲ ਇਨਵੈਸਟ ਕੀਤੇ ਜਾਣ।

ਬਹੁਤ ਵੱਡੇ ਟਰੱਸਟਾਂ ਲਈ ਪੀ ਜੀ ਟੀ ਬਾਹਰੀ ਪ੍ਰੋਫੈਸ਼ਨਲ ਇਨਵੈਸਟਮੈਂਟ ਮੈਨੇਜਰ ਦੀ ਸਿਫਾਰਸ਼ ਕਰ ਸਕਦਾ ਹੈ, ਆਮ ਤੌਰ ’ਤੇ ਜਿਹੜੇ 500,000 ਡਾਲਰ ਤੋਂ ਜ਼ਿਆਦਾ ਵਾਲੇ ਹੁੰਦੇ ਹਨ ਅਤੇ ਅਜਿਹਾ ਰਿਵੀਊ ਦੇ ਕਾਰਜ ਤੋਂ ਬਾਅਦ ਕਰ ਸਕਦਾ ਹੈ ਜਿਸ ਵਿਚ ਅੱਗੇ ਲਿਖੇ ਕਦਮ ਸ਼ਾਮਲ ਹੁੰਦੇ ਹਨ:

1. ਤੁਹਾਡੇ ਬੱਚੇ ਜਾਂ ਜਵਾਨ ਲਈ ਇਨਵੈਸਟਮੈਂਟ ਦੇ ਵੱਖਰੇ ਹਾਲਾਤਾਂ ਦਾ ਰਿਵੀਊ ਕਰਨਾ, ਜਿਵੇਂ ਕਿ ਕਿਸੇ ਸੱਟ ਦੇ ਨਤੀਜੇ ਵਜੋਂ ਸੰਭਾਲ ਦੀਆਂ ਲੋੜਾਂ, ਜਾਂ ਆਮਦਨ ਦੇ ਨੁਕਸਾਨ ਲਈ ਮੁਆਵਜ਼ਾ।
2. ਇਨਵੈਸਟਮੈਂਟ ਪੌਲਸੀ ਸਟੇਟਮੈਂਟ ਤਿਆਰ ਕਰਨਾ ਜਿਹੜੀ ਤੁਹਾਡੇ ਬੱਚੇ ਜਾਂ ਜਵਾਨ ਦੇ ਇਨਵੈਸਟਮੈਂਟ ਦੇ ਉਦੇਸ਼ ਤਹਿ ਕਰਦੀ ਹੈ ਅਤੇ ਇਨਵੈਸਟਮੈਂਟ ਦੀਆਂ ਸ਼ਰਤਾਂ ਅਤੇ ਮੰਗਾਂ ਦੱਸਦੀ ਹੈ।
3. ਇਨਵੈਸਟਮੈਂਟ ਮੈਨੇਜਰ ਦੀਆਂ ਤਜਵੀਜ਼ਾਂ ਦੀ ਪੜਚੋਲ ਕਰਨਾ।
4. ਬਾਹਰੀ ਇਨਵੈਸਟਮੈਂਟ ਮੈਨੇਜਰ ਦੀ ਚੋਣ ਕਰਨਾ।
5. ਇਨਵੈਸਟਮੈਂਟ ਪੋਰਟਫੋਲੀਓ ਅਤੇ ਇਸ ਦੀ ਕਾਰਗੁਜ਼ਾਰੀ ’ਤੇ ਨੇਮ ਨਾਲ ਨਜ਼ਰ ਰੱਖਣਾ।
6. ਤੁਹਾਡੇ ਬੱਚੇ ਜਾਂ ਜਵਾਨ ਦੀ ਇਨਵੈਸਟਮੈਂਟ ਪੌਲਸੀ ਸਟੇਟਮੈਂਟ ’ਤੇ ਤੁਹਾਡੇ ਵਲੋਂ ਅਤੇ ਪੀ ਜੀ ਟੀ ਟਰੱਸਟੀ ਇਨਵੈਸਟਮੈਂਟ ਮੈਨੇਜਰ ਵਲੋਂ ਸਲਾਨਾ ਪੜਚੋਲ ਕਰਨਾ।

# ਪਰਿਵਾਰ ਦੀ ਸ਼ਮੂਲੀਅਤ

ਜੇ ਇਨਵੈਸਟਮੈਂਟ ਦਾ ਸਭ ਤੋਂ ਵਧੀਆ ਬਦਲ ਬਾਹਰੀ ਇਨਵੈਸਟਮੈਂਟ ਮੈਨੇਜਰ ਹੋਵੇ ਤਾਂ ਤੁਸੀਂ ਕਾਰਜ ਵਿਚ ਸ਼ਾਮਲ ਹੁੰਦੇ ਹੋ।

ਇਸ ਵਿਚ ਇਨਵੈਸਟਮੈਂਟ ਪੌਲਸੀ ਸਟੇਟਮੈਂਟ ਵਿਚ ਆਪਣੇ ਵਿਚਾਰ ਦੇਣਾ ਅਤੇ ਸਭ ਤੋਂ ਢੁਕਵੇਂ ਬਾਹਰੀ ਇਨਵੈਸਟਮੈਂਟ ਮੈਨੇਜਰ ਦੀ ਚੋਣ ਕਰਨਾ ਸ਼ਾਮਲ ਹੋ ਸਕਦਾ ਹੈ।

# ਇਨਵੈਸਟਮੈਂਟ ਦੀ ਰਿਪੋਰਟ ਅਤੇ ਕਾਰਗੁਜ਼ਾਰੀ

ਸਾਰੇ ਬੱਚਿਆਂ ਜਾਂ ਜਵਾਨਾਂ ਦੇ ਪੀ ਜੀ ਟੀ ਟਰੱਸਟ ਫੰਡ ਜਿਹੜੇ ਬਾਹਰੀ ਇਨਵੈਸਟਮੈਂਟ ਮੈਨੇਜਰ ਵਲੋਂ ਚਲਾਏ ਜਾਂਦੇ ਹਨ, ਉਨ੍ਹਾਂ ਦੇ ਖਾਤਿਆਂ, ਲੈਣ-ਦੇਣ ਅਤੇ ਇਨਵੈਸਟਮੈਂਟ ਦੀ ਕਾਰਗੁਜ਼ਾਰੀ ਦੀ ਨੇਮ ਨਾਲ ਰਿਪੋਰਟ ਦੇਣੀ ਪੈਂਦੀ ਹੈ। ਪੋਰਟਫੋਲੀਓ ਦੀ ਕਾਰਗੁਜ਼ਾਰੀ ਇਨਵੈਸਟਮੈਂਟ ਪੌਲਸੀ ਸਟੇਟਮੈਂਟ ਵਿਚ ਤਹਿ ਕੀਤੇ ਗਏ ਮਾਪ-ਦੰਡਾਂ ਮੁਤਾਬਕ ਦੇਖੀ ਜਾਂਦੀ ਹੈ ਤਾਂ ਜੋ ਇਹ ਪੱਕਾ ਹੋਵੇ ਕਿ ਇਨਵੈਸਟਮੈਂਟ ਦੇ ਉਦੇਸ਼ ਪੂਰੇ ਹੋ ਰਹੇ ਹਨ।

# ਵੱਡੀਆਂ ਖਰੀਦਾਂ – ਘਰ

ਕਦੇ ਕਦੇ ਪਰਿਵਾਰਾਂ ਨੂੰ ਆਪਣੇ ਘਰਾਂ ਦੀ ਰੈਨੋਵੇਸ਼ਨ ਕਰਨ ਦੀ ਲੋੜ ਹੁੰਦੀ ਹੈ – ਜਾਂ ਜ਼ਿਆਦਾ ਢੁਕਵੇਂ ਘਰ ਵਿਚ ਮੂਵ ਹੋਣ ਦੀ ਲੋੜ ਹੁੰਦੀ ਹੈ – ਤਾਂ ਜੋ ਉਹ ਆਪਣੇ ਗੰਭੀਰ ਜ਼ਖਮੀ ਹੋਏ ਬੱਚੇ ਜਾਂ ਜਵਾਨ ਲਈ ਢੁਕਵਾਂ ਸਰੀਰਕ ਮਾਹੌਲ ਪ੍ਰਦਾਨ ਕਰ ਸਕਣ।

ਰਿਹਾਇਸ਼ ਸੰਬੰਧੀ ਫੈਸਲਿਆਂ ਵਿਚ ਤੁਹਾਡੇ ਬੱਚੇ ਜਾਂ ਜਵਾਨ ਦੇ ਟਰੱਸਟ ਫੰਡਾਂ ਵਿੱਚੋਂ ਕਾਫੀ ਖਰਚਾ ਕਰਨਾ ਸ਼ਾਮਲ ਹੋ ਸਕਦਾ ਹੈ ਅਤੇ ਇਹ ਖਰਚੇ ਜਾਰੀ ਕਰਨ ਤੋਂ ਪਹਿਲਾਂ ਕਈ ਵੱਖ ਵੱਖ ਪੱਖਾਂ ’ਤੇ ਵਿਚਾਰ ਕਰਨ ਦੀ ਲੋੜ ਪਵੇਗੀ।

ਇਨ੍ਹਾਂ ਵਿਚ ਸ਼ਾਮਲ ਹੋ ਸਕਦੇ ਹਨ:

- ਫੈਸਲੇ ਬਾਰੇ ਕੋਰਟ ਦੇ ਆਰਡਰ ਜਾਂ ਕਾਰਨ ਜਿਹੜੇ ਇਸ ਮਾਮਲੇ ਬਾਰੇ ਦੱਸਦੇ ਹਨ
- ਫੰਡਾਂ ਦੀ ਵਰਤੋਂ ਦਾ ਮੁਢਲਾ ਮਕਸਦ
- ਤੁਹਾਡੇ ਬੱਚੇ ਜਾਂ ਜਵਾਨ ਦੀ ਸਿਹਤ ਅਤੇ ਸੇਫਟੀ
- ਤੁਹਾਡੇ ਬੱਚੇ ਜਾਂ ਜਵਾਨ ਲਈ ਸਰੀਰਕ ਅਤੇ ਜਜ਼ਬਾਤੀ ਫਾਇਦੇ
- ਤੁਹਾਡੇ ਬੱਚੇ ਜਾਂ ਜਵਾਨ ਦੀ ਮੌਜੂਦਾ ਅਤੇ ਅਗਾਂਹ ਸਮਰੱਥਾ
- ਸ਼ਾਮਲ ਸਿਹਤ ਮਾਹਰਾਂ ਦੀਆਂ ਸਿਫਾਰਸ਼ਾਂ
- ਪਰਿਵਾਰ ਦੀ ਮਾਇਕ ਹਾਲਤ ਅਤੇ ਹੋਰ ਹਾਲਾਤ
- ਤੁਹਾਡੇ ਬੱਚੇ ਜਾਂ ਜਵਾਨ ਦੀ ਮਾਇਕ ਸਥਿਤੀ ਅਤੇ ਚਾਲੂ ਰਹਿਣ ਵਾਲੀਆਂ ਲੋੜਾਂ ਪੂਰੀਆਂ ਕਰਨ ਲਈ ਟਰੱਸਟ ਦੀ ਸਮਰੱਥਾ
- ਕਿਰਾਏ ਜਾਂ ਮੌਜੂਦਾ ਪ੍ਰਾਪਰਟੀ ਦੀਆਂ ਰੈਨੋਵੇਸ਼ਨਾਂ ਦੇ ਮੁਕਾਬਲੇ ਘਰ ਖਰੀਦਣ ਦੇ ਖਰਚੇ ਅਤੇ ਫਾਇਦੇ।

ਜੇ ਇਹ ਫੈਸਲਾ ਕੀਤਾ ਜਾਂਦਾ ਹੈ ਕਿ ਟਰੱਸਟ ਦੇ ਪੈਸੇ ਘਰ ਨੂੰ ਰੈਨੋਵੇਟ ਕਰਨ ਜਾਂ ਘਰ ਖਰੀਦਣ ਵਿਚ ਹਿੱਸਾ ਪਾਉਣ ਲਈ ਵਰਤੇ ਜਾ ਸਕਦੇ ਹਨ ਤਾਂ ਤੁਹਾਡਾ ਜੀ ਟੀ ਓ ਇਸ ਕਾਰਵਾਈ ਬਾਰੇ ਤੁਹਾਡੇ ਨਾਲ ਵਿਚਾਰ ਕਰੇਗਾ ਅਤੇ ਘਰ ਖਰੀਦਣ ਜਾਂ ਰੈਨੋਵੇਸ਼ਨ ਦੇ ਕੰਮ ਦੌਰਾਨ ਸ਼ਾਮਲ ਰਹੇਗਾ।

# ਵੱਡੀਆਂ ਖਰੀਦਾਂ – ਗੱਡੀਆਂ

ਕਦੇ ਕਦੇ ਪਰਿਵਾਰਾਂ ਨੂੰ ਆਪਣੇ ਬੱਚੇ ਜਾਂ ਜਵਾਨ ਅਤੇ ਸਾਜ਼-ਸਾਮਾਨ ਜਿਵੇਂ ਕਿ ਵੀਲਚੇਅਰ ਨੂੰ ਲਿਜਾਣ ਲਈ ਕਿਸੇ ਖਾਸ ਗੱਡੀ ਦੀ ਲੋੜ ਹੁੰਦੀ ਹੈ।

ਤੁਹਾਡੇ ਜੀ ਟੀ ਓ ਨੂੰ ਇਸ ਤਰ੍ਹਾਂ ਦੀਆਂ ਗੱਡੀਆਂ ਖਰੀਦਣ ਦਾ ਤਜਰਬਾ ਹੁੰਦਾ ਹੈ ਅਤੇ ਉਹ ਤੁਹਾਨੂੰ ਅਜਿਹੀਆਂ ਗੱਡੀਆਂ ਬਾਰੇ ਦੱਸ ਸਕਦਾ ਹੈ ਜਿਹੜੀਆਂ ਦੂਜੇ ਪਰਿਵਾਰਾਂ ਨੂੰ ਠੀਕ ਲੱਗੀਆਂ, ਜਾਂ ਉਨ੍ਹਾਂ ਸਪਲਾਇਰਾਂ ਬਾਰੇ ਦੱਸ ਸਕਦਾ ਹੈ ਜਿਹੜੇ ਗੱਡੀਆਂ ਵਿਚ ਸੋਧਾਂ ਕਰਦੇ ਹਨ।

ਇਨ੍ਹਾਂ ਗੱਲਾਂ ਬਾਰੇ ਆਪਣੇ ਜੀ ਟੀ ਓ ਨਾਲ ਮਿਲਣ ਵੇਲੇ ਗੱਲਬਾਤ ਹੋਣ ਦੀ ਸੰਭਾਵਨਾ ਹੋਵੇਗੀ।

ਹੋ ਸਕਦਾ ਤੁਹਾਡੀ ਫੌਰੀ ਲੋੜ ਨਾ ਹੋਵੇ, ਪਰ ਜੇ ਲੋੜ ਪੈਦਾ ਹੋਣ ਦੀ ਉਮੀਦ ਹੈ ਤਾਂ ਇਸ ਬਾਰੇ ਬੱਜਟ ਤਿਆਰ ਕਰਨ ਵੇਲੇ ਵਿਚਾਰ ਕੀਤੀ ਜਾਵੇਗੀ।

ਖਰਚੇ ਭਾਵੇਂ ਕੋਈ ਵੀ ਚਾਹੀਦੇ ਹੋਣ, ਸਾਡਾ ਟੀਚਾ ਇਹ ਪੱਕਾ ਕਰਨ ਲਈ ਤੁਹਾਡੇ ਨਾਲ ਰਲ ਕੇ ਕੰਮ ਕਰਨਾ ਹੈ ਕਿ ਤੁਹਾਡੇ ਬੱਚੇ ਜਾਂ ਜਵਾਨ ਦੇ ਫੰਡ ਉਸ ਦੀਆਂ ਜਾਰੀ ਰਹਿਣ ਵਾਲੀਆਂ ਲੋੜਾਂ ਲਈ ਉਪਲਬਧ ਹਨ।

# ਫੈਸਲਿਆਂ ਦੀ ਪੜਚੋਲ ਅਤੇ ਸ਼ਿਕਾਇਤਾਂ

## ਸ਼ਿਕਾਇਤਾਂ

ਜੇ ਕਿਸੇ ਵੀ ਵੇਲੇ ਤੁਸੀਂ ਮਿਲ ਰਹੀ ਕਿਸੇ ਸਰਵਿਸ ਬਾਰੇ ਫਿਕਰਮੰਦ ਹੋਵੋ ਤਾਂ ਕਿਰਪਾ ਕਰਕੇ 604.775.3480 ’ਤੇ ਫੋਨ ਕਰੋ ਅਤੇ ਕਿਸੇ ਮੈਨੇਜਰ ਨਾਲ ਜਾਂ ਚਾਇਲਡ ਐਂਡ ਯੂਥ ਸਰਵਿਸਿਜ਼ ਦੇ ਡਾਇਰੈਕਟਰ ਨਾਲ ਗੱਲ ਕਰਨ ਲਈ ਕਹੋ। ਜਾਂ, ਬਦਲਵੇਂ ਤੌਰ ’ਤੇ ਤੁਸੀਂ cys@trustee.bc.ca ’ਤੇ ਈਮੇਲ ਕਰ ਸਕਦੇ ਹੋ ਅਤੇ ਇਹ ਕਹਿ ਸਕਦੇ ਹੋ ਕਿ ਤੁਹਾਡੀ ਈਮੇਲ ਕਿਸੇ ਮੈਨੇਜਰ ਜਾਂ ਡਾਇਰੈਕਟਰ ਨੂੰ ਭੇਜੀ ਜਾਵੇ।

## ਫੈਸਲੇ

ਜੇ ਤੁਸੀਂ ਕੀਤੇ ਗਏ ਕਿਸੇ ਫੈਸਲੇ ਤੋਂ ਅਸੰਤੁਸ਼ਟ ਹੋਵੋ ਤਾਂ ਤੁਸੀਂ ਇਹ ਬੇਨਤੀ ਕਰ ਸਕਦੇ ਹੋ ਕਿ ਫੈਸਲੇ ’ਤੇ ਦੁਬਾਰਾ ਵਿਚਾਰ ਕੀਤੀ ਜਾਵੇ। ਪਹਿਲਾ ਕਦਮ ਮੈਨੇਜਰ ਨਾਲ ਅਤੇ ਫਿਰ ਡਾਇਰੈਕਟਰ ਨਾਲ ਗੱਲ ਕਰਨਾ ਹੈ। ਪੀ ਜੀ ਟੀ ਦੇ ਰਸਮੀ ਪੜਚੋਲ (ਰਿਵੀਊ) ਦੇ ਕਾਰਜ ਨਾਲ ਸੰਬੰਧਿਤ ਸਾਰੇ ਵੇਰਵੇ www.trustee.bc.ca/feedback.html ’ਤੇ ਦੇਖੇ ਜਾ ਸਕਦੇ ਹਨ।

ਪੀ ਜੀ ਟੀ ਦੇ ਪੜਚੋਲ ਦੇ ਕਾਰਜ ਦੇ ਸਿੱਟੇ ਤੋਂ ਬਾਅਦ ਜੇ ਤੁਸੀਂ ਅਜੇ ਵੀ ਅਸੰਤੁਸ਼ਟ ਹੋਵੋ ਤਾਂ ਤੁਸੀਂ ਆਪਣੇ ਫਿਕਰ ਓਮਬਡਜ਼ਪਰਸਨ ਦੇ ਧਿਆਨ ਵਿਚ ਲਿਆ ਸਕਦੇ ਹੋ।

# ਪਬਲਿਕ ਗਾਰਡੀਅਨ ਐਂਡ ਟਰੱਸਟੀ ਨਾਲ ਸੰਪਰਕ ਕਰੋ

Child & Youth Services
Public Guardian and Trustee
700-808 West Hastings Street,
Vancouver, BC  V6C 3L3
ਟੈਲੀਫੋਨ: 604.775.3480
ਈਮੇਲ: cys@trustee.bc.ca

www.trustee.bc.ca
ਈਮੇਲ: webmail@trustee.bc.ca

ਸਰਵਿਸ ਬੀ ਰਾਹੀਂ ਦੂਰੋਂ ਮੁਫਤ ਫੋਨ ਕੀਤਾ ਜਾ ਸਕਦਾ ਹੈ। ਆਪਣੇ ਇਲਾਕੇ (ਹੇਠਾਂ) ਲਈ ਢੁਕਵੇਂ ਨੰਬਰ 'ਤੇ ਫੋਨ ਕਰਨ ਤੋਂ ਬਾਅਦ ਪੀ ਜੀ ਟੀ ਨੂੰ ਤਬਦੀਲ ਕੀਤੇ ਜਾਣ ਲਈ ਕਹੋ (ਦਫਤਰ ਖੁਲ੍ਹਣ ਦਾ ਆਮ ਸਮਾਂ ਸਵੇਰ ਦੇ 8:30 ਤੋਂ ਲੈ ਕੇ ਬਾਅਦ ਦੁਪਹਿਰ 4:30 ਵਜੇ, ਸੋਮਵਾਰ–ਸ਼ੁਕਰਵਾਰ ਤੱਕ ਹੈ)।

| | |
|---|---|
| ਵੈਨਕੂਵਰ | 604.660.2421 |
| ਵਿਕਟੋਰੀਆ | 250.387.6121 |
| ਹੋਰ ਕਿਤਿਉਂ ਵੀ | 800.663.7867 |